ਅਤਿ ਜ਼ਰੂਰੀ
ਮਿਤੀ ਬੱਧ

ਨੰ:7/1/2017-3ਵਿ.ਬ.1/729

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1 ਸ਼ਾਖਾ)

26 4
03/5/18

1071/
02-05-18

ਮਿਤੀ, ਚੰਡੀਗੜ੍ਹ 23 ਅਪ੍ਰੈਲ, 2018

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।

ਵਿਸ਼ਾ: ਵਿੱਤੀ ਸਾਲ 2017-18 ਦੌਰਾਨ ਜਾਰੀ ਕੀਤੇ ਰੀ-ਐਪ੍ਰੋਪ੍ਰੀਏਸ਼ਨ ਆਰਡਰ ਮਹਾਂਲੇਖਾਕਾਰ ਨੂੰ ਭੇਜਣ ਬਾਰੇ।

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਸਾਲ 2017-18 ਲਈ ਵਿਭਾਗਾਂ ਦੇ ਮੁੱਖੀਆਂ ਵੱਲੋਂ ਸਾਰੇ ਰੀ-ਐਪ੍ਰੋਪ੍ਰੀਏਸ਼ਨ ਆਰਡਰ ਪੰਜਾਬ ਬਜਟ ਮੈਨੂਅਲ ਦੇ ਪੈਰ੍ਹਾ 13.7 ਦੇ ਉਪਬੰਧਾਂ ਅਨੁਸਾਰ ਨਿਰਧਾਰਤ ਪ੍ਰੋਫਾਰਮੇ ਵਿੱਚ ਤਿਆਰ ਕਰਵਾਏ ਜਾਣੇ ਅਤੇ ਵਿਭਾਗ ਦੇ ਮੁੱਖੀ ਅਤੇ ਸਬੰਧਤ ਪ੍ਰਬੰਧਕੀ ਸਕੱਤਰ ਵੱਲੋਂ ਹਸਤਾਖਰ ਕਰਵਾ ਕੇ ਹਰ ਹਾਲਤ ਵਿੱਚ 31 ਮਾਰਚ, 2017 ਤੱਕ ਵਿੱਤ ਵਿਭਾਗ ਵੱਲੋਂ ਦਸਤੀ ਪ੍ਰਵਾਨ ਕਰਵਾ ਕੇ ਮਹਾਂਲੇਖਾਕਾਰ (ਏ.ਐਂਡ ਈ.), ਪੰਜਾਬ ਨੂੰ ਸਮੇਂ ਸਿਰ ਭੇਜੇ ਜਾਣੇ ਸਨ। ਇਸ ਤੋਂ ਇਲਾਵਾ ਮਹਾਂਲੇਖਾਕਾਰ(ਲੇਖਾ ਤੇ ਹੱਕਦਾਰੀ), ਪੰਜਾਬ ਵੱਲੋਂ ਆਪਣੇ ਪੱਤਰ ਮਿਤੀ 11-04-2018 (ਕਾਪੀ ਨੱਥੀ) ਰਾਹੀਂ ਇਹ ਵੀ ਸੂਚਿਤ ਕੀਤਾ ਗਿਆ ਹੈ ਕਿ ਵਿੱਤੀ ਸਾਲ 2017-2018 ਲਈ ਰੀ-ਐਪ੍ਰੋਪ੍ਰੀਏਸ਼ਨ ਆਰਡਰ ਸਵੀਕਾਰ ਕਰਨ ਦੀ ਕਟ ਆਫ ਡੇਟ 27 ਅਪ੍ਰੈਲ, 2018 ਨਿਸ਼ਚਿਤ ਕੀਤੀ ਗਈ ਹੈ। ਇਸ ਮਿਤੀ ਤੋਂ ਬਾਅਦ ਸਾਲ 2017-18 ਦੇ ਲੇਖਿਆਂ ਵਿੱਚ ਸ਼ਾਮਲ ਕਰਨ ਹਿੱਤ ਕੋਈ ਵੀ ਰੀ-ਐਪ੍ਰੋਪ੍ਰੀਏਸ਼ਨ ਆਰਡਰ ਮਹਾਂਲੇਖਾਕਾਰ ਵੱਲੋਂ ਸਵੀਕਾਰ ਨਹੀਂ ਕੀਤੇ ਜਾਣਗੇ।

2. ਪੂਰੀ ਮੰਗ ਦੇ ਸੰਕਲਿਤ ਰੀ-ਐਪ੍ਰੋਪ੍ਰੀਏਸ਼ਨ ਆਰਡਰ IFMS ਵਿੱਚ HOD Login ਵਿੱਚ Budget Reports → Re-appropriation Reports ਵਿੱਚੋਂ ਜਨਰੇਟ ਕਰਕੇ Excel format ਵਿੱਚ ਡਾਊਨਲੋਡ ਕਰਕੇ ਉਹਨਾਂ ਵਿੱਚ Excess/Savings ਦੇ ਕਾਰਣ ਦਰਜ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਕਟ ਆਫ ਡੇਟ ਤੋਂ ਪਹਿਲਾਂ-ਪਹਿਲਾਂ ਆਪਣੇ ਸਬੰਧਤ ਸਹਾਇਕ ਨੂੰ ਮਹਾਂਲੇਖਾਕਾਰ (ਏ.ਐਂਡ ਈ.), ਪੰਜਾਬ ਦੇ ਦਫਤਰ ਵਿਖੇ ਆਪ ਦੇ ਵਿਭਾਗ ਵੱਲੋਂ ਜਾਰੀ ਰੀ-ਐਪ੍ਰੋਪ੍ਰੀਏਸ਼ਨ ਆਰਡਰਾਂ ਦਾ ਰੀਕੰਸੀਲੇਸ਼ਨ ਕਰਨ ਲਈ ਵੀ ਕਿਹਾ ਜਾਵੇ।

ਵਿਸ਼ਵਾਸ ਪਾਤਰ,
ਹਰਵਿੰਦਰ ਸਿੰਘ
(ਹਰਵਿੰਦਰ ਸਿੰਘ)
ਬਜਟ ਅਫ਼ਸਰ

ਉਪਰੋਕਤ ਦਾ ਇੱਕ ਉਤਾਰਾ ਮਾਨਯੋਗ ਮੁੱਖ ਸਕੱਤਰ, ਸਮੂਹ ਵਿਸੇਸ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ ਨੂੰ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਦੀ ਹਦਾਇਤ ਕੀਤੀ ਜਾਵੇ।

ਹਰਵਿੰਦਰ ਸਿੰਘ
ਬਜਟ ਅਫ਼ਸਰ

ਸੇਵਾ ਵਿਖੇ,

1. ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ;
2. ਸਮੂਹ ਵਿਸ਼ੇਸ ਮੁੱਖ ਸਕੱਤਰ, ਪੰਜਾਬ ਸਰਕਾਰ
2. ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ;
3. ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 7/1/17-3ਵਿ.ਬ.1/730 ਮਿਤੀ,ਚੰਡੀਗੜ੍ਹ 23 ਅਪ੍ਰੈਲ; 2018

ਇਸ ਦਾ ਇੱਕ ਉਤਾਰਾ ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਅਤੇ ਵਿੱਤ ਬਜਟ-2 ਸ਼ਾਖਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੀ ਸ਼ਾਖਾ ਵਿੱਚ ਡੀਲ ਕੀਤੇ ਜਾ ਰਹੇ ਵਿਭਾਗਾਂ ਦੇ ਨੋਡਲ ਅਫਸਰਾਂ ਤੋਂ ਸੰਕਲਿਤ ਰੀ-ਐਪ੍ਰੋਪ੍ਰੀਏਸ਼ਨ ਆਰਡਰ ਹਰ ਪੱਖੋਂ (Saving/Excess ਦੋਵੇਂ ਸਾਈਡ ਦਾ ਜੋੜ ਅਤੇ ਕਾਰਣ) ਚੈੱਕ ਕਰਕੇ ਦਰੁਸਤ ਕਰਵਾਉਣ ਉਪਰੰਤ, ਕੱਟ ਆਫ ਡੇਟ ਤੋਂ ਪਹਿਲਾਂ-ਪਹਿਲਾਂ ਸਬੰਧਤ ਸ਼ਾਖਾ ਅਧਿਕਾਰੀ, ਜੋ ਕਿ ਉਪ ਸਕੱਤਰ ਦੇ ਅਹੁਦੇ ਤੋਂ ਘੱਟ ਨਾ ਹੋਣ, ਵੱਲੋਂ ਪ੍ਰਵਾਨ ਕਰਵਾ ਕੇ "These appropriations are hereby sanctioned and forwarded" ਲਿਖ ਕੇ ਅਤੇ ਹਸਤਾਖਰ ਕਰਵਾ ਕੇ ਇੱਕ ਕਾਪੀ ਸਮੇਂ ਸਿਰ ਪ੍ਰਮੁੱਖ ਮਹਾਂਲੇਖਾਕਾਰ (ਏ.ਐਂਡ ਈ.), ਪੰਜਾਬ ਨੂੰ ਭਿਜਵਾਉਣ ਨੂੰ ਯਕੀਨੀ ਬਣਾਇਆ ਜਾਵੇ।

ਹਰਵਿੰਦਰ ਸਿੰਘ
ਬਜਟ ਅਫਸਰ

ਚਲਦਾ/ਪੰਨਾ 2

ਸੇਵਾ ਵਿਖੇ,

ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਅਤੇ
ਵਿੱਤ ਬਜਟ-2 ਸ਼ਾਖਾ।

ਅੰ:ਵਿ:ਪੱ:ਨੰ: 7/1/2017-3ਵਿ.ਬ.1/731 ਮਿਤੀ,ਚੰਡੀਗੜ੍ਹ 23 ਅਪ੍ਰੈਲ, 2018

ਇਸ ਦਾ ਇੱਕ ਉਤਾਰਾ, ਸਮੂਹ ਅਧੀਨ ਸਕੱਤਰ, ਵਿੱਤ ਵਿਭਾਗ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਅਧੀਨ ਸ਼ਾਖਾਵਾਂ ਨੂੰ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਦੀ ਹਦਾਇਤ ਕੀਤੀ ਜਾਵੇ ਜੀ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

ਸਮੂਹ ਅਧੀਨ ਸਕੱਤਰ, ਵਿੱਤ ਵਿਭਾਗ।

ਅੰ:ਵਿ:ਪੱ:ਨੰ: 7/1/2017-3ਵਿ.ਬ.1/732 ਮਿਤੀ,ਚੰਡੀਗੜ੍ਹ 23 ਅਪ੍ਰੈਲ, 2018
ਪਿੱਠਅੰਕਣ ਨੰ: 7/1/2017-3ਵਿ.ਬ.1/733 ਮਿਤੀ,ਚੰਡੀਗੜ੍ਹ 23 ਅਪ੍ਰੈਲ, 2018

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਮਹਾਂਲੇਖਾਕਾਰ (ਏ.ਐਂਡ ਈ.), ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਪੱਤਰ 146/BudRe-appropriation orders/2018-19/149, ਮਿਤੀ 11.4.2018 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਅੰਦਰੂਨੀ ਵੰਡ:

ਨਿਜੀ ਸਕੱਤਰ/ ਪ੍ਰਮੁੱਖ ਸਕੱਤਰ (ਵਿੱਤ)
ਨਿਜੀ ਸਕੱਤਰ/ਸਕੱਤਰ ਖਰਚਾ

ਪਿੱਠ ਅੰਕਣ ਨੰ: 7189- 7259 10-170(ਬੀ) /ਅ3(1) ਮਿਤੀ, ਮੋਹਾਲੀ: 10/5/18

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1. ਪੀ. ਏ. ਟੂ. ਡੀ.ਏ. ਨੂੰ ਮਾਨਯੋਗ ਡਾਇਰੈਕਟਰ ਖੇਤੀਬਾੜੀ , ਪੰਜਾਬ ਜੀ ਦੀ ਸੂਚਨਾ ਹਿੱਤ ।
2. ਡਾਇਰੈਕਟਰ ਪੰਜਾਬ ਸਟੇਟ ਸੀਡ ਸਰਟੀਫਿਕੇਸਨ ਅਥਾਰਟੀ, ਖੇਤੀ ਭਵਨ ਫੇਸ-6, ਐਸ.ਏ.ਐਸ.ਨਗਰ ।
3. ਮੈਨੇਜਿੰਗ ਡਾਇਰੈਕਟਰ ਪਨਸੀਡ, ਪੰਜਾਬ, ਖੇਤੀ ਭਵਨ ਫੇਸ-6, ਐਸ.ਏ.ਐਸ.ਨਗਰ ।
4. ਸਾਰੇ ਮੁੱਖ ਖੇਤੀਬਾੜੀ ਅਫਸਰ, ਆਪਦੇ ਜਿਲ੍ਹੇ ਵਿਚ ਪੈਂਦੇ ਸਾਰੇ ਅਧੀਨ ਦਫਤਰਾਂ ਨੂੰ ਵੀ ਸੂਚਿਤ ਕਰ ਦਿੱਤਾ ਜਾਵੇ।
5. ਰਾਜ ਪੱਧਰ ਦੇ ਸਾਰੇ ਅਫਸਰ ।
6. ਮੁੱਖ ਦਫਤਰ ਦੇ ਸਾਰੇ ਅਫਸਰ ਸਾਹਿਬਾਨ, ਸਾਰੀਆਂ ਸਾਖਾਵਾਂ ਦੇ ਮੁੱਖੀ, ਸੁਪਰਡੰਟ ਅਮਲਾ-1, 2 ਅਤੇ 3.

10/5/18
ਸੁਪਰਡੰਟ ਅਮਲਾ-3
ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ।